# ਪ੍ਰਧਾਨ ਮੰਤਰੀ ਸਿੱਖ ਸਰੋਕਾਰਾਂ ਵੱਲ ਧਿਆਨ ਦੇਣ

ਗਣਤੰਤਰ ਦਿਵਸ ਭਾਵ 26 ਜਨਵਰੀ ਨੂੰ ਹਰ ਸਾਲ ਜਿੱਥੇ ਭਾਰਤ ਸਰਕਾਰ ਆਪਣੇ ਜਾਹੋ-ਜਲਾਲ ਦਾ ਪ੍ਰਦਰਸ਼ਨ ਕਰਦੀ ਹੈ, ਉੱਥੇ ਭਾਰਤ ਦੀ ਸਰਬ ਧਰਮ ਏਕਤਾ ਦਾ ਵੀ ਪ੍ਰਗਟਾਵਾ ਹੁੰਦਾ ਹੈ। ਇਸ ਦਿਨ ਰਾਸ਼ਟਰਪਤੀ ਭਵਨ ਤੋਂ ਵਿਜੈ ਚੌਂਕ, ਫਿਰ ਇੰਡੀਆ ਗੇਟ ਤੇ ਅਖੀਰ ਲਾਲ ਕਿਲ੍ਹੇ ਤੱਕ ਸ਼ਾਨਦਾਰ ਪਰੇਡ ਤੇ ਸਭਿਆਚਾਰਕ ਝਾਕੀਆਂ ਲੱਖਾਂ ਲੋਕਾਂ ਨੂੰ ਵਿਖਾਈਆਂ ਜਾਂਦੀਆਂ ਹਨ। ਟੀ.ਵੀ. ਚੈਨਲਾਂ ’ਤੇ ਸਾਰਾ ਪ੍ਰੋਗਰਾਮ ਸਾਰੇ ਵਿਸ਼ਵ ਵਿੱਚ ਲੋਕ ਵੇਖ ਕੇ ਆਨੰਦ ਮਾਣਦੇ ਹਨ। ਇਹ ਪ੍ਰੋਗਰਾਮ ਪਿਛਲੇ 50 ਸਾਲ ਤੋਂ ਵੱਧ ਸਮੇਂ ਤੋਂ ਭਾਰਤ ਦੀ ਪ੍ਰਤਿਭਾ ਦਾ ਪ੍ਰਤੀਕ ਬਣ ਚੁੱਕਾ ਹੈ। ਇਸ ਦੀ ਤਿਆਰੀ ਕਈ ਮਹੀਨੇ ਪਹਿਲਾਂ ਤੋਂ ਹੁੰਦੀ ਹੈ ਤੇ ਇਹ ਸਾਰਾ ਕੁਝ ਰੱਖਿਆ ਮੰਤਰਾਲੇ ਦੇ ਜ਼ਿੰਮੇ ਹੈ।

ਹਰ ਸਾਲ ਕੋਈ ਵਿਦੇਸ਼ੀ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਵਿਸ਼ੇਸ਼ ਮਹਿਮਾਨ ਹੁੰਦਾ ਹੈ। ਇਸ ਵਾਰ ਫਰਾਂਸ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਸਨ। ਪਿਛਲੇ ਸਾਲ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਆਏ ਸਨ। ਇਸ ਵਾਰ ਵੱਡੀ ਘਾਟ ਇਹ ਨਜ਼ਰ ਆਈ ਕਿ ਕੋਈ ਵੀ ਸਿੱਖ ਫ਼ੌਜ ਦੀ ਰੈਜਮੈਂਟ ਪਰੇਡ ਵਿਚ ਸ਼ਾਮਿਲ ਨਹੀਂ ਸੀ। ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ। ਦਰਜਨਾਂ ਪਲਟਨਾਂ, ਹਵਾਈ ਤੇ ਨੇਵੀ ਦੀਆਂ, ਮਾਰਚ ਪਾਸਟ ਕਰਦੀਆਂ ਹਨ। ਇਹ ਪ੍ਰਤੱਖ ਸਚਾਈ ਹੈ ਕਿ ਸਿੱਖ ਫ਼ੌਜ ਦੀ ਸਾਰੇ ਵਿਸ਼ਵ ਜੰਗ, ਦੂਜੀ ਵਿਸ਼ਵ ਜੰਗ ਵਿਚ ਸਭ ਤੋਂ ਵੱਧ ਇਨ੍ਹਾਂ ਨੇ ਯੂਰਪ ਵਿੱਚ ਬਹਾਦਰੀ ਵਿਖਾਈ ਸੀ। ਹੁਣੇ ਹੀ ਲੰਦਨ, ਪੈਰਿਸ, ਬੈਲਜੀਅਮ ਵਿੱਚ ਸਿੱਖ ਬਹਾਦਰਾਂ ਦੀ ਯਾਦ ਮਨਾਈ ਗਈ ਹੈ। ਭਾਰਤ ਦੇ ਹਰ ਯੁੱਧ (ਭਾਵ 1948 ਵਿੱਚ ਪਾਕਿਸਤਾਨ, 1962 ਵਿੱਚ ਚੀਨ ਵਿਰੁੱਧ, 1965 ਨੂੰ ਪਾਕਿਸਤਾਨ ਨਾਲ ਲੜਾਈ ਤੇ ਫਿਰ 1971 ਵਿਚ ਬੰਗਲਾਦੇਸ਼) ਦੀ ਜਿੱਤ ਦਾ ਬਹੁਤਾ ਸਿਹਰਾ ਸਿੱਖ ਫ਼ੌਜੀਆਂ ਦੇ ਸਿਰ ਹੀ ਰਿਹਾ ਹੈ। 1971 ਵਿਚ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਪਾਕਿਸਤਾਨ ਦੇ ਜਨਰਲ ਨਿਆਜ਼ੀ ਨੇ ਹਥਿਆਰ ਸੁੱਟੇ ਸਨ। ਇਸ ਸਾਲ ਸਰਕਾਰ ਕਿਉਂ ਭੁੱਲ ਗਈ ਕਿ ਸਿੱਖ ਰੈਜਮੈਂਟ ਨੂੰ ਪਰੇਡ ਵਿਚ ਸ਼ਾਮਿਲ ਕਰਨਾ ਹੈ। ਸਿੱਖ ਲਾਈਟ ਇਨਫੈਂਟਰੀ ਦੀ ਰੈਜਮੈਂਟ ਕੋਲ ਸਭ ਤੋਂ ਵੱਧ ਬਹਾਦਰੀ ਦੇ ਮੈਡਲ ਹਨ। ਹਰ ਸਾਲ ਜਦ ਉਹ ਪਰੇਡ ਕਰਦੇ ਹਨ ਤਾਂ ਹਰ ਪਾਸਿਉਂ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਹੁੰਦਾ ਹੈ। ਇਸ ਵਾਰ ਇਕ ਹੋਰ ਜ਼ਰੂਰਤ ਸੀ ਕਿ ਫਰਾਂਸ ਵਿਚ ਸਿੱਖ ਭਾਈਚਾਰੇ ਦੀ ਪਗੜੀ ਦਾ ਮਸਲਾ ਚੱਲ ਰਿਹਾ ਹੈ। ਫਰਾਂਸ ਦੇ ਰਾਸ਼ਟਰਪਤੀ ਨੇ ਇਹ ਆਪ ਵੇਖਣਾ ਸੀ ਕਿ ਪਗੜੀ ਵਾਲੇ ਸਰਦਾਰ ਕਿੰਨੇ ਸੋਹਣੇ ਤੇ ਬਹਾਦਰ ਹਨ। ਇਸ ਘਟਨਾ ਨਾਲ ਸਾਰੇ ਵਿਸ਼ਵ ਵਿੱਚ ਸਿੱਖਾਂ ਦੇ ਮਨਾਂ ਨੂੰ ਠੇਸ ਲੱਗੀ ਹੈ। ਮੈਨੂੰ ਦਰਜਨਾਂ ਈ-ਮੇਲ, ਟੈਲੀਫੋਨ ਆਏ ਹਨ, ਅਖ਼ਬਾਰਾਂ ਵਿੱਚ ਰੋਸ ਵਾਲੇ ਪ੍ਰਤੀਕਰਮ ਵੀ ਛਪੇ ਹਨ। ਇਸ ਚਿੰਤਾ ਵਿੱਚ ਇਕ ਹੋਰ ਘਟਨਾ ਵੀ ਸ਼ਾਮਿਲ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਝਾਕੀ ਵੀ ਗਣਤੰਤਰ ਦਿਵਸ ਦੀ ਪਰੇਡ ਵਿੱਚੋਂ ਗਾਇਬ ਹੈ। ਹਰ ਰਾਜ ਨੂੰ ਆਪਣੀ ਮਰਜ਼ੀ ਦੀ ਝਾਂਕੀ ਮਿਲਦੀ ਹੈ, ਪਰ ਪੰਜਾਬ ਦੀ ਝਾਕੀ ਇਸ ਵਾਰ ਪਰੇਡ ਵਿਚ ਸ਼ਾਮਿਲ ਨਹੀਂ ਸੀ। ਪਤਾ ਲੱਗਾ ਹੈ ਕਿ ਵਿਰਾਸਤ-ਏ-ਖ਼ਾਲਸਾ ਅਨੰਦਪੁਰ ਸਾਹਿਬ ਦੀ ਝਾਂਕੀ ਪੰਜਾਬ ਵੱਲੋਂ ਭੇਜੀ ਗਈ ਸੀ, ਪਰ ਪ੍ਰਵਾਨਗੀ ਨਹੀਂ ਮਿਲੀ। ਦਿੱਲੀ ਦੇ ਸਕੂਲਾਂ ਦਾ ਇਕ ਵੱਡਾ ਸ਼ੋਅ ਹੁੰਦਾ ਹੈ। ਇਸ ਵਾਰ ਕੋਈ ਖ਼ਾਲਸਾ ਸਕੂਲ ਸ਼ਾਮਿਲ ਨਹੀਂ ਸੀ। ਮੈਂ ਕੋਈ ਫਿਰਕੂ ਮੰਗ ਨਹੀਂ ਰੱਖ ਰਿਹਾ। ਇਹ ਹੱਕੀ ਗੱਲਾਂ ਹਨ, ਜਿਸ ਬਾਰੇ ਚਰਚਾ ਹੋਣੀ ਜਾਇਜ਼ ਹੈ। ਉਂਜ ਦਿੱਲੀ ਵਿੱਚ ਜਦ ਸਿੱਖ ਗਰੁੱਪ ਇਕੱਠੇ ਬੈਠਦੇ ਹਨ ਤਾਂ ਹੋਰ ਵੀ ਬੜੀਆਂ ਗੱਲਾਂ ਕਈ ਵਿਸ਼ਿਆਂ ’ਤੇ ਹੋ ਰਹੀਆਂ ਹਨ।

ਸਿੱਖ ਘੱਟ-ਗਿਣਤੀ ਦੀ ਕੌਮ ਹੈ ਪਰ ਭਾਰਤ ਲਈ ਪਾਏ ਗਏ ਇਤਿਹਾਸਕ ਯੋਗਦਾਨ ਕਾਰਨ ਇਹ ਖਾਸ ਹੱਕਾਂ ਦੀ ਵੀ ਆਸ ਰੱਖਦੀ ਹੈ। ਸਾਰੇ ਭਾਰਤ ਵਿਚ ਕੋਈ ਵੀ ਸਿੱਖ ਗਵਰਨਰ ਨਹੀਂ ਹੈ। ਕੁਝ ਸਾਲ ਪਹਿਲਾਂ ਤਿੰਨ ਸਿੱਖ ਗਵਰਨਰ ਸਨ ਤੇ ਇਕ ਲੈਫਟੀਨੈਂਟ ਗਵਰਨਰ ਸੀ। ਹੋਰ ਤਾਂ ਹੋਰ ਕਿਸੇ ਕੇਂਦਰੀ ਯੂਨੀਵਰਸਿਟੀ ਵਿੱਚ ਇਕ ਵੀ ਸਿੱਖ ਉਪ ਕੁਲਪਤੀ ਨਹੀਂ ਹੈ। ਪੰਜਾਬ ਦੀ ਬਠਿੰਡੇ ਵਾਲੀ ਯੂਨੀਵਰਸਿਟੀ ਵਿੱਚ ਉਪ ਕੁਲਪਤੀ ਸਿੱਖ ਸੀ, ਉਸ ਦੇ ਰਿਟਾਇਰ ਹੋਣ ’ਤੇ ਸਿੱਖ ਨਹੀਂ ਲਗਾਇਆ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਅੱਜ ਤੱਕ 60 ਸਾਲ ਤੋਂਜ ਕੋਈ ਸਿੱਖ ਉਪ ਕੁਲਪਤੀ ਨਹੀਂ ਲੱਗਿਆ। ਭਾਰਤ ਦੇ ਕੌਮੀ ਘੱਟ-ਗਿਣਤੀ ਕਮਿਸ਼ਨ ਵਿੱਚ ਸਿੱਖ ਮੈਂਬਰ ਦੀ ਥਾਂ ਤਿੰਨ ਮਹੀਨੇ ਤੋਂ ਖਾਲੀ ਪਈ ਹੈ। ਘੱਟ-ਗਿਣਤੀ ਸਿੱਖਿਆ ਕਮਿਸ਼ਨ ਵਿੱਚ ਪਿਛਲੇ ਸਾਲ ਸਿੱਖ ਮੈਂਬਰ ਦੀ ਥਾਂ ’ਤੇ ਮੁਸਲਮਾਨ ਲਗਾ ਦਿੱਤਾ ਗਿਆ ਸੀ। ਹੁਣ ਆ ਕੇ ਸਿੱਖ ਲਾਇਆ ਗਿਆ ਹੈ। ਅਨੁਸੂਚਿਤ ਜਾਤੀ ਕਮਿਸ਼ਨ, ਪਛੜੇ ਵਰਗ ਕਮਿਸ਼ਨ ਵਿੱਚ ਕੋਈ ਵੀ ਸਿੱਖ ਮੈਂਬਰ ਨਹੀਂ ਹੈ। ਮਨੁੱਖੀ ਅਧਿਕਾਰ ਕਮਿਸ਼ਨ ਵੀ ਬਿਨਾਂ ਸਿੱਖ ਮੈਂਬਰ ਤੋਂ ਹੈ। ਪੰਜ ਸੀਟਾਂ ਰਾਜ ਸਭਾ ਵਿੱਚ ਸਰਕਾਰ ਨੇ ਭਰਨੀਆਂ ਹਨ, ਇਕ ਸਿੱਖ ਇੱਥੇ ਹੋਣਾ ਚਾਹੀਦਾ ਹੈ। ਹਰਿਆਣਾ ਸਰਕਾਰ ਵਿੱਚ ਇਕ ਵੀ ਸਿੱਖ ਮੰਤਰੀ ਨਹੀਂ ਹੈ, ਇਹ ਪਹਿਲੀ ਵਾਰ ਹੀ ਹੋਇਆ ਹੈ। ਇਹ ਸਭ ਨੂੰ ਪਤਾ ਹੈ ਕਿ ਅਕਾਲੀ ਪਾਰਟੀ ਭਾਜਪਾ ਦੇ ਨਾਲ ਸਹਿਯੋਗੀ ਹੈ। ਇਸ ਸਾਂਝ ਨੇ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕੀਤਾ ਹੈ। ਜਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਲੰਦਨ ਗਏ ਸਨ, ਉਨ੍ਹਾਂ ਸਿੱਖਾਂ ਦੇ ਇਕ ਵੱਡੇ ਵਫ਼ਦ ਨਾਲ ਖੁੱਲ੍ਹ ਕੇ ਮੁਲਾਕਾਤ ਕੀਤੀ ਸੀ, ਜਿਸ ਦੀ ਸ਼ਲਾਘਾ ਹੋਈ ਸੀ। ਅਮਰੀਕਾ ਵਿੱਚ ਵੀ ਉਹ ਸਿੱਖਾਂ ਨੂੰ ਮਿਲੇ ਸਨ। ਉਨ੍ਹਾਂ ਆਪਣੇ ਭਾਸ਼ਣਾਂ ਵਿੱਚ ਸਿੱਖਾਂ ਵੱਲੋਂ ਕੀਤੀਆਂ ਕੁਰਬਾਨੀਆਂ ਦੀ ਵੀ ਪ੍ਰਸ਼ੰਸਾ ਵੀ ਕੀਤੀ ਸੀ।

ਮੋਦੀ ਜੀ ਇਸ ਵੇਲੇ ਪੂਰੀ ਸ਼ਕਤੀ ਵਾਲੇ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਹਰ ਮਸਲੇ ਬਾਰੇ ਗੰਭੀਰ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਨੇ ਸਿੱਖਾਂ ਨਾਲ ਪੂਰੀ ਸਾਂਝ ਨਿਭਾਈ ਸੀ। ਉਹ ਹਰ ਸਿੱਖ ਸਮਾਗਮ ਵਿੱਚ ਸ਼ਾਮਿਲ ਹੁੰਦੇ ਰਹੇ ਸਨ।

ਅਨੰਦਪੁਰ ਸਾਹਿਬ ਖ਼ਾਲਸਾ ਵਿਰਾਸਤ ਪ੍ਰਾਜੈਕਟ ਲਈ ਉਨ੍ਹਾਂ 100 ਕਰੋੜ ਰੁਪਏ ਦਿੱਤੇ ਸਨ। ਅੱਜ ਸਿੱਖਾਂ ਵਿੱਚ ਜੋ ਚਿੰਤਾਂ ਦੇ ਵਿਸ਼ੇ ਹਨ, ਉਨ੍ਹਾਂ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਸਿੱਖ ਹਮੇਸ਼ਾ ਭਾਰਤ ਦੀ ਖੜਗ ਭੁਜਾ ਰਹੇ ਹਨ। ਹਰ ਪੱਖੋਂ ਉਨ੍ਹਾਂ ਨੇ ਸਰਹੱਦ ਦੀ ਰਾਖੀ ਕੀਤੀ ਹੈ। ਸਾਰੇ ਦੇਸ਼ ਨੂੰ ਅਨਾਜ ਦਿੱਤਾ ਹੈ। ਸਰਕਾਰ ਕੋਈ ਉੱਚ ਪੱਧਰੀ ਕਮੇਟੀ ਬਣਾ ਕੇ ਸਿੱਖ ਮੰਗਾਂ ਨੂੰ ਸਮਝ ਕੇ ਹੱਲ ਕਰੇ। ਬਾਬਾ ਬੰਦਾ ਸਿੰਘ ਜੀ ਬਹਾਦਰ ਦੇ 300 ਸਾਲਾ ਸ਼ਹੀਦੀ ਦਿਵਸ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਸਾਲਾ ਪ੍ਰਕਾਸ਼ ਉਤਸਵ ਨੂੰ ਸਰਕਾਰ ਵੱਲੋਂ ਇਤਿਹਾਸਕ ਅਵਸਰ ਵਜੋਂ ਮਨਾਉਣ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ।

---